# ਯੀਸ਼ੂ ਨੇ ਬਿਰਛ ਵਿੱਚੋ ਇੱਕ ਚੋਰ ਨੂੰ ਲੱਭਿਆ

ਬੱਚਿਆਂ ਨੂੰ ਪਛਤਾਵਾ ਕਰਨ ਵਿੱਚ ਸਹਾਇਤਾ ਕਰੋ। ਇਨ੍ਹਾਂ ਕੰਮਾ ਵਿੱਚੋ ਉਨ੍ਹਾਂ ਕੰਮਾ ਨੂੰ ਚੁਣੋ, ਜਿਹੜੇ ਬੱਚਿਆਂ ਦੀ ਉਮਰ ਅਤੇ ਜਰੂਰਤਾ ਨੂੰ ਪੂਰਾ ਕਰਨ।

ਵੱਡਾ ਬੱਚਾ ਜਾਂ ਮਾਸਟਰ :- ਜਕਈ ਦੀ ਕਹਾਣੀ ਪੜੇ ਜਿਹੜੇ (ਲੁੱਕਾ 19:1-10) ਵਿੱਚ ਦਰਜ਼ ਹੈ ਉਹ ਸਾਨੂੰ ਇਹੋ ਜਿਹੇ ਮਨੁੱਖ ਦੇ ਬਾਰੇ ਵਿੱਚ ਦੱਸਦੀ ਹੈ, ਜਿਸਨੇ ਪੈਸੇ ਚੋਰੀ ਕੀਤੇ, ਅਤੇ ਪਛਤਾਵਾ ਕੀਤਾ, ਜਦੋ ਉਹ ਯੀਸ਼ੂ ਨੂੰ ਮਿਲਿਆ।

ਇਸ ਪੜ੍ਹਾਈ ਦੇ ਆਖਰੀ ਸਫੇ ਵਿੱਚ ਦਿੱਤੀ ਗਈ ਤਸਵੀਰ ਨੂੰ, ਬੱਚਿਆਂ ਨੂੰ ਨਕਲ ਕਰਨ ਜਾ ਰੰਗ ਭਰਨ ਲਈ ਦਿਉ।

**ਪੁੱਛੋ:** (ਉੱਤਰ ਹਰ ਇੱਕ ਪ੍ਰਸ਼ਨ ਦੇ ਬਾਦ ਆਉਦੇ ਹਨ)

- ਜਕਈ ਕੀ ਕੰਮ ਕਰਦਾ ਸੀ? (ਦੇਖੋ ਆਇਤ 2 ਮਸੂਲ ਲੈਣ ਵਾਲੇ ਕਈ ਵਾਰ ਲੋਕਾ ਤੋਂ ਮਸੂਲ ਦੇ ਪੈਸੇ ਜਿਆਦਾ ਇੱਕਠਾ ਕਰਦੇ ਸਨ। ਇਸ ਤੋਂ ਇਲਾਵਾ ਉਹ ਪੈਸਿਆ ਨੂੰ ਰੱਖ ਲੈਂਦੇ ਸੀ, ਅਤੇ ਧੰਨਵਾਨ ਬਨ ਜਾਦੇ ਸਨ। ਉਹ ਚੋਰ ਸਨ)
- ਜਕਈ ਬਿਰਛ ਤੇ ਕਿਉ ਚੜਇਆ? (ਦੇਖੋ ਆਇਤ 3)
- ਪ੍ਰਭੂ ਯੀਸ਼ੂ ਨੇ ਕਿਵੇ ਦਿਖਾਇਆ ਕਿ ਉਸਨੇ ਜਕਈ ਨੂੰ ਚੋਰ ਤੋਂ ਇਲਾਵਾ ਵੀ ਮਾਫ ਕੀਤਾ? (ਦੇਖੋ ਆਇਤ 5) ਯੀਸ਼ੂ ਉਹਦੇ ਘਰ ਰੋਟੀ ਖਾਣ ਲਈ ਗਏ।
- ਜਕਈ ਨੇ ਕਿਵੇ ਮਹਿਸੂਸ ਕੀਤਾ, ਜਦੋ ਯੀਸ਼ੂ ਨੇ ਉਹਦੇ ਨਾਲ ਗੱਲ ਕੀਤੀ? (ਦੇਖੋ ਆਇਤ 6 ਵਿੱਚ ਉਹ ਖੁਸ਼ ਸੀ)
- ਜਕਈ ਨੂੰ ਪਤਾ ਸੀ ਕਿ ਯੀਸ਼ੂ ਨੇ ਉਹਨੂੰ ਮਾਫ ਕਰ ਦਿੱਤਾ ਹੈ, ਉਹਦੇ ਸਨਮਾਨ ਲਈ ਉਸਨੇ ਕੀ ਕੀਤਾ? (ਦੇਖੋ ਆਇਤ 8)
- ਪ੍ਰਭੂ ਯੀਸ਼ੂ ਕਿੰਨਾ ਨੂੰ ਬਚਾਉਣ ਲਈ ਆਇਆ? (ਦੇਖੋ ਆਇਤ 10)

ਜਕਈ ਦੀ ਕਹਾਣੀ ਦਾ ਨਾਟਕ ਪੇਸ਼ ਕਰੋ, ਅਰਾਧਨਾ ਦੇ ਅਗਵੇ ਨਾਲ ਤਿਆਰ ਕਰੋ ਤਾਂ ਕਿ ਬੱਚੇ ਇਸ ਨਾਟਕ ਨੂੰ ਅਰਾਧਨਾ ਦੇ ਵਿੱਚ ਪੇਸ਼ ਕਰ ਸਕਣ। ਆਪਣਾ ਕੁਝ ਸਮਾ ਬੱਚਿਆਂ ਦੇ ਨਾਲ ਇਸ ਨਾਟਕ ਨੂੰ ਤਿਆਰ ਕਰਨ ਵਾਸਤੇ ਲਾਉ। ਤੁਹਾਨੂੰ ਸਾਰੇ ਭਾਗ ਉਪਯੋਗ ਕਰਨ ਦੀ ਜਰੂਰਤ ਨਹੀ ਹੈ।

- ਕਿਸੇ ਵੀ ਵੱਡੇ ਬੱਚੇ ਜਾ ਬਾਲਿਗਾ ਨੂੰ ਇਨ੍ਹਾਂ ਭਾਗਾ ਦਾ ਕਿਰਦਾਰ ਕਰਨ ਲਈ ਦਿਉ

**ਵਾਚਕ** (ਕਹਾਣੀ ਦੱਸਣ ਵਾਲਾ) ਕਹਾਣੀ ਦਾ ਨਿਚੋੜ ਕੱਢੋ। ਅਤੇ ਬੱਚਿਆਂ ਨੂੰ ਨੇ ਕੀ ਕਰਨਾ ਹੈ, ਯਾਦ ਰੱਖਣ ਵਿੱਚ ਸਹਾਇਤਾ ਕਰੋ।

**ਯੀਸ਼ੂ**

**ਜੈਕਈ:** ਪੱਥਰਾਂ ਨਾਲ ਭਰਿਆ ਹੋਇਆ ਥੈਲਾ ਜਾਂ ਕਾਗਜ, ਜਿਹੜੇ ਸਿੱਕਿਆ ਨੂੰ ਦਿਖਾਂਦੇ ਹਨ ਫੜੇ।

- ਛੋਟਿਆ ਬੱਚਿਆਂ ਨੂੰ ਲੋਕਾ ਦੀ ਜਗ੍ਹਾ ਦਿਖਾਉ।

**ਵਾਚਕ:** ਕਹਾਣੀ ਦਾ ਪਹਿਲਾ ਭਾਗ ਦੱਸੋ (ਲੂਕਾ 19:1-6) ਫਿਰ ਕਹੋ ''ਸੁਣੋ ਲੋਕ ਕੀ ਆਖਦੇ ਹਨ''?

**ਲੋਕ:** ''ਯੀਸ਼ੂ ਆ ਰਿਹਾ ਹੈ।''



''ਜਕਈ ਨੂੰ ਵੇਖੋ। ਉਹ ਇੱਕ ਬਿਰਛ ਤੇ ਚੜ੍ਹ ਰਿਹਾ ਹੈ।''

''ਉਹਨੇ ਮੇਰਾ ਪੈਸਾ ਚੋਰੀ ਕੀਤਾ ਹੈ, ਜਦੋਂ ਉਹਨੇ ਮੇਰਾ ਮਹਿਸੂਲ ਇੱਕਠਾ ਕੀਤਾ।''

''ਇਹ ਮੱਧਰਾ ਅਤੇ ਛੋਟਾ ਮਨੁੱਖ ਬੜਾ ਮਾੜਾ ਹੈ।''

''ਮੈਨੂੰ ਆਸ ਹੈ ਕਿ ਯੀਸ਼ੂ ਇਹਨੂੰ ਜਰੂਰ ਸਜਾ ਦੇਵੇਗਾ।''

**ਜਕਈ**:- ਇੱਕ ਕੁਰਸੀ ਤੇ ਚੜ੍ਹ ਜਾਵੇ।

**ਯੀਸ਼ੂ**: ਉੱਪਰ ਦੇਖੇ ਅਤੇ ਕਹੇ ''ਜੈਕਈ ਹੇਠਾਂ ਆ ਜਾ। ਮੈ ਤੇਰੇ ਘਰ ਵਿੱਚ ਅੱਜ ਖਾਣਾ ਖਾਵਾਂਗਾ।''

**ਵਾਚਕ**: ਕਹਾਣੀ ਦਾ ਦੂਸਰਾ ਭਾਗ ਦੱਸੇ (ਆਇਤ 7-10) ਅਤੇ ਕਹੇ ''ਮੈਨੂੰ ਜਕਈ ਕੀ ਕਹਿੰਦਾ ਹੈ''

**ਜਕਈ**:- ਕੁਰਸੀ ਤੋਂ ਹੇਠਾ ਆ ਕੇ ਬੋਲੇ, ''ਯੀਸ਼ੂ ਮੇਰੇ ਘਰ ਆ ਰਿਹਾ ਹੈ। ਉਹਨੇ ਮੈਨੂੰ ਮਾਫ ਕਰ ਦਿੱਤਾ ਹੈ। ਮੈ ਬਹੁਤ ਖੁਸ਼ ਹਾਂ। ਮੈ ਜਿੰਨਾ ਵੀ ਚੋਰੀ ਕੀਤਾ ਹੈ, ਉਸ ਤੋਂ ਜਿਆਦਾ ਮੈ ਵਾਪਿਸ ਕਰ ਦਿਆਗਾ।'' (ਥੈਲੇ ਵਿੱਚ ਰੱਖੇ ਹੋਏ ਸਿੱਕੇ ਕੱਢ ਕੇ ਲੋਕਾ ਨੂੰ ਦੇਦੇ ਹੋਏ ਦਿਖਾਵੇ) ਅਤੇ ਕਹੇ ''ਮੈ ਗਰੀਬਾਂ ਦੀ ਮੱਦਦ ਕਰਾਂਗਾ। ਇਹ ਪੈਸੇ ਮੈ ਤੁਹਾਨੂੰ ਦਿੰਦਾ ਹਾਂ। ਇਹ ਲੈ ਲਉ।''

**ਯੀਸ਼ੂ**:- ''ਮੈ ਇਸ ਤਰ੍ਹਾਂ ਦੇ ਮਨੁੱਖਾਂ ਨੂੰ ਬਚਾਉਣ ਆਇਆ ਹਾਂ। ਜਕਈ ਗੁਆਂਢ ਗਿਆ ਸੀ। ਪਰੰਤੂ ਹੁਣ ਉਹ ਬੱਚ ਗਿਆ ਹੈ।''


**ਲੋਕ**: ਇੰਨਾ ਪੈਸਿਆਂ ਨੂੰ ਦੇਖੋ, ਇਹ ਸਾਨੂੰ ਜਕਈ ਨੇ ਦਿੱਤੇ ਹਨ। ਯੀਸ਼ੂ ਨੇ ਕਿਵੇ ਇਸ ਚੋਰ ਨੂੰ ਬਦਲ ਦਿੱਤਾ?''

ਮੈ ਵੀ ਚਾਹੁੰਦਾ ਹਾਂ, ਕਿ ਯੀਸ਼ੂ ਮੇਰੇ ਵੀ ਪਾਪ ਮਾਫ ਕਰ ਦੇਣ।''

**ਵਾਚਕ** : ਨਾਟਕ ਖਤਮ ਹੋਣ ਤੇ ਬੱਚਿਆਂ ਦਾ ਧੰਨਵਾਦ ਕਰੇ। ਜੇਕਰ ਬੱਚੇ ਜਕਈ ਦੀ ਕਹਾਣੀ ਵਾਲਾ ਨਾਟਕ ਬਾਲਿਗਾਂ ਦੇ ਸਾਹਮਣੇ ਪੇਸ਼ ਕਰਨ ਤਾਂ ਉਨ੍ਹਾਂ ਤੋਂ ਪ੍ਰਸ਼ਨ ਪੁੱਛੇ ਜਾ ਸਕਦੇ ਹਨ, ਜਿਹੜੇ ਸਫਾ 1 ਤੇ ਦਿੱਤੇ ਗਏ ਹਨ।

ਬੱਚਿਆਂ ਨੂੰ ਪੁੱਛੋ ਕਿ ਹੋਰ ਕਿਹੜੇ ਰਸਤੇ ਦੇ ਉਦਾਹਰਣ ਹਨ, ਜਿੰਨਾ ਦੁਆਰਾ ਅਸੀ ਪ੍ਰਭੂ ਦਾ ਸਨਮਾਨ ਕਰ ਸਕੀਏ।ਉਹ ਮਾਫੀ ਪ੍ਰਾਪਤ ਕਰਨ ਵਾਸਤੇ (ਬੱਚਿਆਂ ਨੂੰ ਉਦਾਹਰਨ ਦੇਣ ਦਿਉ)

ਪੈਸਿਆ ਨਾਲ ਭਰੇ ਹੋਏ ਥੈਲੇ ਦੀ ਤਸਵੀਰ ਬਣਾਉ। ਬੱਚਿਆਂ ਨੂੰ ਉਹਦੀ ਨਕਲ ਕਰਨ ਦਿਉ। ਆਉਣ ਵਾਲੀ ਅਰਾਧਨਾ ਦੇ ਸਮੇ ਵਿੱਚ ਇੰਨਾ ਤਸਵੀਰਾ ਨੂੰ ਬਾਲਿਗਾਂ ਨੂੰ ਦਿਖਾ ਸਕਦੇ ਹਾਂ। ਉਨਾ ਨੂੰ ਸਮਝਾਉਣ ਦਿਉ ਕਿ ਇਹ ਵਿਖਾਦਾ ਹੈ ਪ੍ਰਭੂ ਕਿਵੇ ਦਿੱਲਾ ਨੂੰ ਬਦਲ ਦਿੰਦਾ ਹੈ, ਜਿਨ੍ਹਾਂ ਜਿਹਦੇ ਕਾਰਨ ਉਨਾ ਨੂੰ ਪਿਆਰ ਕਰਨਾ, ਪੈਸਿਆ ਤੋਂ ਵੱਧ ਜਰੂਰੀ ਬਣ ਜਾਦਾ ਹੈ।



**ਯਾਦ ਕਰੋ** ਯਸਾਯਾਹ 1:18

ਕਵਿਤਾ ਵਾਲਾ ਪਾਠ ਜੋਰ ਨਾਲ ਬੋਲੋ, ਤਿੰਨ ਬੱਚਿਆਂ ਨੂੰ ਲਉ ਅਤੇ ਹਰੇਕ ਨੂੰ ਇੱਕ ਜਿਹੜੀ ਕਿ ਜਬੂੰਰਾ ਦੀ ਪੋਥੀ 51:1,7 ਅਤੇ 13 ਵਿੱਚ ਹੈ ਦੱਸੋ।

**ਪ੍ਰਾਥਨਾ** :- ''ਪਿਤਾ ਅਸੀ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਤੁਸੀ ਸਾਨੂੰ ਇੰਨਾ ਪਿਆਰ ਕਰਦੇ ਹੋ ਕਿ ਤੁਸੀ ਸਾਨੂੰ ਉਸ ਸਮੇ ਬਚਾਉਣ ਆਏ, ਜਦੋਂ ਅਸੀ ਪਾਪਾਂ ਵਿਚ ਗਵਾਚੇ ਹੋਏ ਸੀ। ਤੁਸੀ ਸਾਨੂੰ ਮਾਫ ਕਰ ਦਿੱਤਾ। ਅਤੇ ਆਮ ਮਾਫੀ ਰਾਹੀਂ ਆਨੰਦ ਨਾਲ ਭਰ ਦਿੱਤਾ। ਅਸੀ ਇਹਦੇ ਵਾਸਤੇ ਤੁਹਾਡੀ ਵਡਿਆਈ ਅਤੇ ਧੰਨਵਾਦ ਕਰਦੇ

Copyright 2004 © by Paul-Timothy. May be freely copied. Download from www.Paul-Timothy.net